124

ਹੁਕਮ

ਨਿਮਨ ਹਸਤਾਖਰ ਵਲੋਂ ਪਹਿਲਾਂ ਵੀ ਮਿਤੀ 19-06-2014 ਨੂੰ ਹੁਕਮ ਕੀਤਾ ਸੀ ਕਿ ਜਦੋਂ ਵੀ ਨਿਮਨ ਹਸਤਾਖਰ ਪਾਸ ਕੋਈ ਖਰੜਾ ਹਸਤਾਖਰਾਂ ਲਈ ਪੇਸ਼ ਕੀਤਾ ਜਾਵੇ ਜਾਂਦਾ ਹੈ ਤਾਂ ਉਸਦੀ ਦਫਤਰੀ ਕਾਪੀ ਤੇ ਸ਼ਾਖਾ ਦੇ ਕਿਸੇ ਕਰਮਚਾਰੀ ਦੇ ਹਸਤਾਖਰ ਜਾਂ Initial ਨਹੀਂ ਕੀਤੇ ਜਾਂਦੇ। ਇਸ ਲਈ ਅੱਗੇ ਤੋਂ ਜਦੋਂ ਵੀ ਨਿਮਨ ਹਸਤਾਖਰ ਪਾਸ ਖਰੜਾ ਹਸਤਾਖਰਾਂ ਲਈ ਪੇਸ਼ ਕੀਤਾ ਜਾਵੇ ਤਾਂ ਉਸਦੀ ਦਫਤਰੀ ਕਾਪੀ ਤੇ ਸੁਪਰਡੈਂਟ/ਸੀਨੀਅਰ ਸਹਾਇਕ/ਡੀਲਿੰਗ ਹੈਂਡ ਵਲੋਂ ਹਸਤਾਖਰ ਜਾਂ Initial ਜ਼ਰੂਰ ਕੀਤੇ ਜਾਣ! ਪਰੰਤੂ ਪਿਛਲੇ ਦਿਨੀ ਕਾਫੀ ਖਰੜੇ ਨਿਮਨ ਹਸਤਾਖਰ ਪਾਸ ਬਿਨ੍ਹਾਂ ਸੁਪਰਡੈਂਟ/ਸੀਨੀਅਰ ਸਹਾਇਕ/ਡੀਲਿੰਗ ਹੈਂਡ ਦੇ ਹਸਤਾਖਰ ਜਾਂ Initial ਕੀਤੇ ਭੇਜੇ ਗਏ ਅਤੇ ਇੰਝ ਕਰਕੇ ਸਬੰਧਤ ਬ੍ਰਾਂਚਾ ਨੇ ਗੈਰ ਜਿੰਮੇਦਾਰਾਨਾ ਕਿਰਦਾਰ ਅਦਾ ਕੀਤਾ ਹੈ।

ਇਕ ਵਾਰ ਫਿਰ ਡੀ.ਸੀ. ਦਫਤਰ, ਜਲੰਧਰ ਦੇ ਸਮੂਹ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਜਦੋਂ ਵੀ ਨਿਮਨ ਹਸਤਾਖਰ ਪਾਸ ਖਰੜਾ ਹਸਤਾਖਰਾਂ ਲਈ ਪੇਸ਼ ਕੀਤਾ ਜਾਵੇ ਤਾਂ ਉਸਦੀ ਦਫਤਰੀ ਕਾਪੀ ਤੇ ਸੁਪਰਡੈਂਟ/ਸੀਨੀਅਰ ਸਹਾਇਕ/ਡੀਲਿੰਗ ਹੈਂਡ ਵਲੋਂ ਹਸਤਾਖਰ ਜਾਂ Initial ਜ਼ਰੂਰ ਕੀਤੇ ਜਾਣ।ਜੇਕਰ ਭਵਿੱਖ ਵਿੱਚ ਹੁਣ ਇੰਝ ਨਾ ਕੀਤਾ ਗਿਆ ਤਾਂ ਇਹ ਸਮਝ ਲਿਆ ਜਾਵੇਗਾ ਕਿ ਸੁਪਰਡੈਂਟ ਵਲੋਂ ਇਹ ਖਰੜਾ ਚੰਗੀ ਤਰ੍ਹਾਂ ਪੜਿਆ ਨਹੀਂ ਗਿਆ ਅਤੇ ਬਿਨ੍ਹਾਂ ਪੜ੍ਹੇ ਹੀ ਖਰੜਾ ਅੱਗੇ ਹਸਤਾਖਰਾਂ ਲਈ ਭੇਜ਼ ਦਿੱਤਾ ਗਿਆ ਹੈ। ਖਰੜੇ ਨੂੰ ਪੜਨ ਦੀ ਨਿਜੀ ਜਿੰਮੇਵਾਰੀ ਸਬੰਧਤ ਬ੍ਰਾਂਚ ਦੇ ਸੁਪਰਡੈਂਟ-ਗਰੇਡ-1/ਸੁਪਰਡੈਂਟ ਗਰੇਡ-2/ਸੁਪਰਡੈਂਟ (ਮਾਲ) ਦੀ ਹੋਵੇਗੀ।

ਇਸ ਸਬੰਧੀ ਡੀ.ਸੀ. ਦਫਤਰ, ਜਲੰਧਰ ਦੀਆਂ ਸਮੂਹ ਸ਼ਾਖਾਵਾਂ ਦੇ ਕਰਮਚਾਰੀਆਂ ਦੇ ਧਿਆਨ ਵਿੱਚ ਤੁਰੰਤ ਲਿਆ ਦਿੱਤਾ ਜਾਵੇ।

ਡਿਪਟੀ ਕਮਿਸ਼ਨਰ
ਜਲੰਧਰ।
31-10-2014

ਵਧੀਕ ਡਿਪਟੀ ਕਮਿਸ਼ਨਰ
(ਜਨਰਲ), ਜਲੰਧਰ।

ਸਹਾਇਕ ਕਮਿਸ਼ਨਰ
(ਜਨਰਲ), ਜਲੰਧਰ।

31/10/14 Circulate to all Supdts / Branch Assistants

31-10.14

B.C.J 3/11/14

11/11/14
A.I.

ਦਫਤਰ ਡਿਪਟੀ ਕਮਿਸ਼ਨਰ, ਜਲੰਧਰ।

ਨੰਬਰ 5119-40 /ਅ.ਸ. ਮਿਤੀ 4-11- 2014

ਇਸ ਦਾ ਇਕ ਉਤਾਰਾ:-

1. ਸੀਨੀਅਰ ਸਹਾਇਕ, ਸਮੂਹ ਸਾਖਾਵਾਂ, ਸਦਰ ਦਫਤਰ
2. ਸੁਪਰਡੈਂਟ ਗ੍ਰੇਡ-1, ਸੁਪਰਡੈਂਟ ਗ੍ਰੇਡ-2 (ਜਨਰਲ) ਅਤੇ ਸੁਪਰਡੈਂਟ ਗ੍ਰੇਡ-2(ਮਾਲ)

ਨੂੰ ਸੂਚਨਾ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਵਾਸਤੇ ਡਿਪਟੀ ਕਮਿਸ਼ਨਰ,
ਜਲੰਧਰ।